ਗੁਰੂ ਨਾਨਕ –ਸਬਦ ੧੦੮

ਕੁਦਰਤਿ ਕਰਿ ਕੈ ਵਸਿਆ ਸੋਇ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੮੩

ਕੁਦਰਤਿ ਕਰਿ ਕੈ ਵਸਿਆ ਸੋਇ ॥
ਵਖਤੁ ਵੀਚਾਰੇ ਸੁ ਬੰਦਾ ਹੋਇ ॥
ਕੁਦਰਤਿ ਹੈ ਕੀਮਤਿ ਨਹੀ ਪਾਇ ॥
ਜਾ ਕੀਮਤਿ ਪਾਇ ਤ ਕਹੀ ਨ ਜਾਇ ॥
ਸਰੈ ਸਰੀਅਤਿ ਕਰਹਿ ਬੀਚਾਰੁ ॥
ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥
ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥
ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥

ਸਾਰ: ਸੱਚਮੁੱਚ ਮਨੁੱਖ ਹੋਣ ਦਾ ਭਾਵ ਹੈ ਜਾਗਰੂਕਤਾ ਨੂੰ ਧਾਰਨ ਕਰਨਾ ਅਤੇ ਸਹਿਜ ਅਤੇ ਸਮਾਜਿਕ ਸਥਿਤੀਆਂ ਤੋਂ ਪਾਰ ਜਾਣਾ। ਇਸ ਵਿਚ ਸਵੈ-ਇੱਛਾ ਨਾਲ ਪ੍ਰਤੀਕਿਰਿਆ ਕਰਨ ਦੀ ਬਜਾਏ ਠਹਿਰਾਉ, ਚਿੰਤਨ ਅਤੇ ਸੂਝਮਈ ਪ੍ਰਤੀਕਰਮ ਸ਼ਾਮਲ ਹੈ। ਮਨੁੱਖਤਾ ਨੂੰ ਸੂਝ ਅਨੁਸਾਰ ਪਰਿਭਾਸ਼ਿਤ ਕੀਤਾ ਜਾਂਦਾ ਹੈ, ਜਿਸ ਵਿਚ ਸਿਰਫ਼ ਬਿਬੇਕ ਜਾਂ ਪ੍ਰਾਪਤੀਆਂ ਨੂੰ ਹੀ ਸਗੋਂ ਸਾਡੀ ਅੰਤਰੀਵੀ ਅਵਸਥਾ ਅਤੇ ਬਾਹਰੀ ਸਥਿਤੀਆਂ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ। ਮਨੁੱਖ ਹੋਣ ਦੇ ਨਾਤੇ ਸਾਨੂੰ ਆਤਮ ਪੜਚੋਲ ਰਾਹੀਂ ਆਪਣੇ ਕਾਰਜਾਂ ਦੀ ਵੀ ਜ਼ਿੰਮੇਵਾਰੀ ਲੈਣ ਦੀ ਲੋੜ ਹੁੰਦੀ ਹੈ। ਅੰਤ ਵਿਚ, ਮਨੁੱਖ ਦੇ ਤੌਰ 'ਤੇ ਜਾਗਰੂਕਤਾ ਨੂੰ ਨੈਤਿਕ ਅਤੇ ਦਇਆ ਭਰਪੂਰ ਜੀਵਨ ਵਿਚ ਬਦਲ, ਆਪਣੇ ਜੀਵਨ ਨੂੰ ਅਮੀਰ ਬਣਾਇਆ ਜਾਂਦਾ ਹੈ ਜਿਸ ਨਾਲ ਸਾਨੂੰ ਦੂਜਿਆਂ ਅਤੇ ਆਪਣੇ ਸੰਬੰਧਾਂ ਨੂੰ ਸੁਹਿਰਦ ਕਰਨ ਦੀ ਸਮਰੱਥਾ ਮਿਲਦੀ ਹੈ।

ਕੁਦਰਤਿ ਕਰਿ ਕੈ ਵਸਿਆ ਸੋਇ ॥

ਸ੍ਰਿਸ਼ਟੀ ਦੇ ਰੂਪ ਵਿਚ ਪ੍ਰਗਟ ਹੋਣ ਤੋਂ ਬਾਅਦ, ਸਰਬਵਿਆਪੀ ਸਤਾ ਇਸਦੇ ਅੰਦਰ ਵਸਦੀ ਹੈ। ਇਸ ਦਾ ਭਾਵ ਹੈ ਕਿ ਸਿਰਜਣਾਤਮਕ ਸਿਧਾਂਤ ਸ੍ਰਿਸ਼ਟੀ ਤੋਂ ਵੱਖਰਾ ਨਹੀਂ ਹੈ ਬਲਕਿ ਹਰ ਰੂਪ ਦੇ ਅੰਦਰ ਧੜਕਣ ਵਾਲੀ ਵਿਆਪਕ ਊਰਜਾ ਹੈ।

ਵਖਤੁ ਵੀਚਾਰੇ ਸੁ ਬੰਦਾ ਹੋਇ ॥

ਜੋ ਹਰ ਪਲ ਦੇ ਤੱਤਸਾਰ ਨੂੰ ਵਿਚਾਰਦੇ ਹਨ, ਉਹ ਸੱਚਮੁੱਚ ਮਨੁੱਖ ਬਣ ਜਾਂਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਹੋਣਾ ਸਿਰਫ਼ ਇਕ ਜੈਵਿਕ ਹਸਤੀ ਨਹੀਂ ਹੈ, ਸਗੋਂ ਇਹ ਇਕ ਅਜਿਹੀ ਜਾਗਰੂਕਤਾ ਹੈ ਜੋ ਧਿਆਨ ਰੂਪੀ ਆਤਮ-ਪੜਚੋਲ ਦੁਆਰਾ ਪੈਦਾ ਹੁੰਦੀ ਹੈ।

ਕੁਦਰਤਿ ਹੈ ਕੀਮਤਿ ਨਹੀ ਪਾਇ ॥

ਮੌਜੂਦਾ ਕੁਦਰਤ ਨੂੰ ਕੋਈ ਕੀਮਤ ਜਾਂ ਮੁੱਲ ਨਹੀਂ ਮਾਪ ਸਕਦਾ। ਇਹ ਭਾਵ ਬ੍ਰਹਿਮੰਡ ਦੀਆਂ ਪੇਚੀਦਗੀਆਂ ਨੂੰ ਸਮਝਣ ਦੀ ਸਾਡੀ ਵਿਸ਼ਲੇਸ਼ਣਾਤਮਕ ਯੋਗਤਾ ਦੀ ਸੀਮਾ ਨੂੰ ਦਰਸਾਉਂਦਾ ਹੈ।

ਜਾ ਕੀਮਤਿ ਪਾਇ ਤ ਕਹੀ ਨ ਜਾਇ ॥

ਭਾਵੇਂ ਕੋਈ ਇਸਦੀ ਕੀਮਤ ਨੂੰ ਵੀ ਜਾਣ ਲਵੇ, ਪਰ ਇਸਨੂੰ ਪ੍ਰਗਟ ਨਹੀਂ ਕੀਤਾ ਜਾ ਸਕਦਾ। ਇਹ ਭਾਵ ਹੈ ਕਿ ਸ੍ਰਿਸ਼ਟੀ ਦੇ ਤੱਤ ਨੂੰ ਸਿਰਫ਼ ਅਨੁਭਵ ਕੀਤਾ ਜਾ ਸਕਦਾ ਹੈ, ਅਸਲ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਸਰੈ ਸਰੀਅਤਿ ਕਰਹਿ ਬੀਚਾਰੁ ॥

ਧਾਰਮਿਕ ਮਰਿਯਾਦਾ ਅਤੇ ਸਮਾਜਿਕ ਕਾਨੂੰਨਾਂ ਦੀ ਜਾਂਚ ਕਰੋ। ਇਹ ਮਨ ਦੀ ਰੂਹਾਨੀ ਸੂਝ ਨੂੰ ਜਟਿਲ ਸਿਧਾਂਤਾਂ ਵਿਚ ਬਦਲਣ ਦੀ ਪ੍ਰਵਿਰਤੀ ਨੂੰ ਦਰਸਾਉਂਦਾ ਹੈ।

ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥

ਸੂਝ ਤੋਂ ਬਿਨਾਂ, ਕੋਈ ਕਿਵੇਂ ਪਾਰ ਜਾ ਸਕਦਾ ਹੈ? ਇਸ ਦਾ ਭਾਵ ਹੈ ਕਿ ਜਾਗਰੂਕਤਾ ਧਾਰਮਿਕ ਜਾਂ ਸਮਾਜਿਕ ਬਣਤਰਾਂ ਤੋਂ ਪੈਦਾ ਨਹੀਂ ਹੋ ਸਕਦੀ; ਇਹ ਸਿਰਫ ਅੰਤਰ-ਦ੍ਰਿਸ਼ਟੀ ਰਾਹੀਂ ਹੀ ਉਭਰ ਸਕਦੀ ਹੈ।

ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥

ਇਮਾਨਦਾਰੀ ਰੂਪੀ ਸੱਚ ਹੀ ਦੁਆ ਦਾ ਸਿਜਦਾ ਹੋਵੇ, ਅਤੇ ਇਹੀ ਤੁਹਾਡੇ ਵਿਚਾਰਾਂ ਦਾ ਅੰਤਿਮ ਉਦੇਸ਼ ਹੋਵੇ। ਇਹ ਸਾਡੇ ਇਰਾਦਿਆਂ ਨੂੰ ਸੇਧ ਦੇਣ ਲਈ ਇਕਸਾਰਤਾ ਨਾਲ ਨਿਮਰਤਾ ਅਤੇ ਇਮਾਨਦਾਰੀ ਦਾ ਪੱਲਾ ਫੜ੍ਹਣ ਦਾ ਸੁਝਾਅ ਦਿੰਦਾ ਹੈ।

ਜਿਹ ਘਿਰਿ ਦੇਖਾ ਤਿਹ ਘਿਰਿ ਮਉਜੂਦੁ ॥੧॥

ਜਦੋਂ ਮੈਂ ਹਰ ਦਿਸ਼ਾ ਵੱਲ ਵੇਖਦਾ ਹਾਂ, ਤਾਂ ਮੈਨੂੰ ਸਰਵ ਵਿਆਪਕ ਦੀ ਹਾਜ਼ਰਤਾ ਹੀ ਵਿਖਾਈ ਦਿੰਦੀ ਹੈ। ਇਹ ਅਹਿਸਾਸ ਕਿਸੇ ਬਾਹਰੀ ਵਸਤ ਦੀ ਖੋਜ ਦਾ ਅੰਤ ਕਰਦਾ ਹੈ ਅਤੇ ਅੰਤਰੀਵ ਵਿਚ ਦਵੈਤ ਰਹਿਤ ਧਾਰਨਾ ਦੇ ਜਾਗਰਣ ਬਾਰੇ ਦਰਸਾਉਂਦਾ ਹੈ। (੧)

ਤੱਤ: ਗੁਰੂ ਨਾਨਕ ਹੋਂਦ ਦੀ ਬੇਅੰਤਤਾ ਅਤੇ ਸ੍ਰਿਸ਼ਟੀ ਦੇ ਅੰਦਰ ਵਸਦੀ ਮੂਲ ਏਕਤਾ 'ਤੇ ਜ਼ੋਰ ਦਿੰਦੇ ਹਨ, ਜਿਸਨੂੰ ਸ਼ਬਦਾਂ ਵਿਚ ਮਾਪਿਆ, ਫੜਿਆ ਜਾਂ ਪ੍ਰਗਟ ਨਹੀਂ ਕੀਤਾ ਜਾ ਸਕਦਾ। ਜਦੋਂ ਕਿ ਮਨੁੱਖ ਅਕਸਰ ਜੀਵਨ ਨੂੰ ਸਮਝਣ ਲਈ ਵੱਖ-ਵੱਖ ਪ੍ਰਣਾਲੀਆਂ, ਤਰਕ ਅਤੇ ਸਥਾਪਿਤ ਪਹੁੰਚਾਂ 'ਤੇ ਨਿਰਭਰ ਕਰਦੇ ਹਨ, ਇਹ ਵਿਧੀਆਂ ਗੰਭੀਰ ਸੂਝ ਤੋਂ ਬਿਨਾਂ ਅਧੂਰੇ ਹੀ ਰਹਿੰਦੇ ਹਨ। ਅੰਤਮ ਹਕੀਕਤ ਧਾਰਮਿਕ ਬਹਿਸਾਂ ਜਾਂ ਕਰਮ-ਕਾਂਡੀ ਰਸਮਾਂ ਨਾਲ ਪ੍ਰਾਪਤ ਨਹੀਂ ਹੁੰਦੀ, ਸਗੋਂ ਕੁਦਰਤ ਵਿਚਲੀ ਸਰਵ ਵਿਆਪਕ ਸਤਾ ਨੂੰ ਪਛਾਣਨ ਵਿਚ ਨਹਿਤ ਹੈ। ਇਹ ਦ੍ਰਿਸ਼ਟੀਕੋਣ ਜਟਿਲ ਕਿਰਿਆਵਾਂ ਤੋਂ ਹੱਟ ਕੇ ਹਕੀਕੀ ਵਿਸ਼ਵਾਸਾਂ ਵੱਲ ਸੇਧਿਤ ਹੋਣ ਦੀ ਪ੍ਰੇਰਣਾ ਦਿੰਦਾ ਹੈ, ਜਿਥੇ ਧਿਆਨ ਦਾ ਹਰ ਪਲ ਅਰਦਾਸ ਦਾ ਸੱਚਾ ਪ੍ਰਗਟਾਵਾ ਹੋ ਨਿਬੜਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**